ਪਾਠ-2

# ਜਿੱਥੇ ਨਾਨੀ—ਉੱਥੇ ਨਾਨਕੇ

ਸਕੂਲ ਵਿੱਚ ਜੂਨ ਮਹੀਨੇ ਦੀਆਂ ਛੁੱਟੀਆਂ ਹੋ ਗਈਆਂ ਸਨ। ਸਹਿਜ ਪੂਰੇ ਜ਼ੋਰਾਂ-ਸ਼ੋਰਾਂ ਨਾਲ਼ ਆਪਣਾ ਛੁੱਟੀਆਂ ਦਾ ਕੰਮ ਮੁਕਾਉਣ ਲੱਗਿਆ ਹੋਇਆ ਸੀ। ਉਹ ਜਲਦੀ ਤੋਂ ਜਲਦੀ ਆਪਣਾ ਸਾਰਾ ਕੰਮ ਮੁਕਾ ਲੈਣਾ ਚਾਹੁੰਦਾ ਸੀ ਕਿਉਂਕਿ ਉਸ ਨੂੰ ਆਪਣੇ ਨਾਨਕੇ ਘਰ ਜਾਣ ਦੀ ਕਾਹਲ਼ੀ ਪਈ ਹੋਈ ਸੀ।

ਸਿਮਰਨ ਕਈ ਵਾਰ ਉਸ ਨੂੰ ਟੋਕਦੀ ਹੋਈ ਕਹਿੰਦੀ, "ਸਹਿਜ ਵੀਰੇ! ਏਦਾਂ ਨਹੀਂ ਕਰੀਦਾ ਕਿ ਛੁੱਟੀਆਂ ਦਾ ਸਾਰਾ ਕੰਮ ਇੱਕੋ ਦਿਨ ਵਿੱਚ ਨਿਬੇੜ ਦੇਈਏ। ਇਹ ਤਾਂ ਹਰ ਰੋਜ਼ ਥੋੜ੍ਹਾ-ਥੋੜ੍ਹਾ ਕਰਕੇ ਮੁਕਾਉਣਾ ਹੁੰਦਾ ਹੈ।"

ਸਹਿਜ ਨੇ ਸਿਮਰਨ ਦੀ ਗੱਲ ਨੂੰ ਅਣਗੌਲ਼ਿਆਂ ਕਰਦਿਆਂ ਹੋਇਆਂ ਕਿਹਾ, "ਬੱਸ, ਆਪਣਾ ਤਾਂ ਦੋ ਕਾਪੀਆਂ ਦਾ ਕੰਮ ਰਹਿ ਗਿਆ ਹੈ। ਉਹ ਵੀ ਅੱਜ ਸ਼ਾਮ ਤੱਕ ਨਿਬੇੜ ਦੇਣਾ ਹੈ। ਫੇਰ ਆਪਾਂ ਵਿਹਲੇ।"

ਸਿਮਰਨ ਸਹਿਜ ਨੂੰ ਸਮਝਾਉਣ ਦੀ ਕੋਸ਼ਸ਼ ਕਰਦੀ ਪਰ ਉਸ ਨੂੰ ਤਾਂ ਕੰਮ ਮੁਕਾਉਣ ਦੀ ਕਾਹਲ਼ੀ ਸੀ। ਸਹਿਜ ਨੇ ਦੋ ਦਿਨਾਂ ਵਿੱਚ ਹੀ ਆਪਣਾ ਕੰਮ ਨਿਬੇੜ ਕੇ ਸਕੂਲ-ਬੈਗ ਕਿੱਲੀ ਉੱਤੇ ਟੰਗ ਦਿੱਤਾ।



ਸਿਮਰਨ ਨੇ ਸਮਾਂ-ਸਾਰਨੀ ਬਣਾ ਕੇ ਆਪਣਾ ਕੰਮ ਸ਼ੁਰੂ ਕੀਤਾ। ਉਹ ਹਰ ਰੋਜ਼ ਹਰ ਵਿਸ਼ੇ ਦਾ ਅੱਧਾ-ਅੱਧਾ ਘੰਟਾ ਲਾ ਕੇ ਕੰਮ ਕਰਦੀ।

"ਮੰਮੀ, ਮੇਰਾ ਕੰਮ ਖ਼ਤਮ ਹੋ ਗਿਆ ਹੈ। ਹੁਣ ਆਪਾਂ ਕਦੋਂ ਜਾਣਾ ਹੈ, ਨਾਨਕੇ?" ਸਹਿਜ ਨੇ ਆਪਣੀ ਮੰਮੀ ਦੇ ਲਾਗੇ ਬੈਠਦਿਆਂ ਕਿਹਾ।

"ਸਹਿਜ, ਇਸ ਵਾਰ ਗਰਮੀ ਬਹੁਤ ਹੈ। ਅਰਾਮ ਨਾਲ਼ ਘਰ ਬੈਠੋ। ਨਾਲ਼ੇ ਪਿੰਡ ਕਿੰਨਾ-ਕਿੰਨਾ ਚਿਰ ਬਿਜਲੀ ਨਹੀਂ ਆਉਂਦੀ। ਹਾਂ, ਸੱਚ, ਨਾਲ਼ੇ ਸਿਮਰਨ ਕਹਿੰਦੀ ਸੀ ਕਿ ਤੂੰ ਸਾਰੇ ਮਹੀਨੇ ਦਾ ਸਕੂਲ ਦਾ ਕੰਮ ਦੋ

ਦਿਨਾਂ ਵਿੱਚ ਹੀ ਨਿਬੇੜ ਦਿੱਤਾ ਹੈ। ਛੁੱਟੀਆਂ ਦਾ ਇਹ ਮਤਲਬ ਨਹੀਂ ਹੁੰਦਾ ਕਿ ਦੋ ਦਿਨਾਂ ਵਿੱਚ ਹੀ ਛੁੱਟੀਆਂ ਦਾ ਹੀ ਸਾਰਾ ਕੰਮ ਨਿਬੇੜ ਲਵੋ ਤੇ ਬਾਕੀ ਸਾਰਾ ਮਹੀਨਾ ਵਿਹਲੇ ਰਹੋ। ਥੋੜ੍ਹਾ-ਥੋੜ੍ਹਾ ਕੰਮ ਹਰ ਰੋਜ਼ ਕਰਨਾ ਹੁੰਦਾ ਹੈ ਤਾਂ ਕਿ ਪੜ੍ਹਾਈ ਵਿੱਚ ਲਗਾਤਾਰ ਰੁਚੀ ਬਣੀ ਰਹੇ," ਸਹਿਜ ਦੀ ਮੰਮੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ।

"ਮੰਮੀ, ਇਸ ਨੂੰ ਸਮਝਾਉਣ ਦਾ ਕੋਈ ਫ਼ਾਇਦਾ ਨਹੀਂ," ਸਿਮਰਨ ਨੇ ਆਪਣੀ ਮੰਮੀ ਕੋਲ਼ੋਂ ਸਵਾਲ ਸਮਝਣ ਲੱਗਿਆਂ ਕਿਹਾ।

ਸਹਿਜ ਨਾਨਕੇ ਜਾਣ ਲਈ ਤਰਲੋ-ਮੱਛੀ ਹੋ ਰਿਹਾ ਸੀ। ਉਹ ਕਦੇ ਆਪਣੀ ਮੰਮੀ ਦੀਆਂ ਮਿੰਨਤਾਂ ਕਰਦਾ ਤੇ ਕਦੇ ਪਾਪਾ ਦੇ ਤਰਲੇ ਕੱਢਦਾ।

"ਪਾਪਾ, ਪਲੀਜ਼......! ਮੈਨੂੰ ਨਾਨਕੇ ਛੱਡ ਆਓ। ਮੈਂ ਆਪਣਾ ਛੁੱਟੀਆਂ ਦਾ ਕੰਮ ਵੀ ਮੁਕਾ ਲਿਆ ਹੈ।" ਸਹਿਜ ਨੇ ਪਾਪਾ ਨੂੰ ਲਾਡ ਨਾਲ਼ ਕਿਹਾ।

"ਨਹੀਂ-ਨਹੀਂ, ਇਸ ਵਾਰ ਕਿਤੇ ਨਹੀਂ ਜਾਣਾ। ਪਿਛਲੀ ਵਾਰ ਜਦੋਂ ਤੂੰ ਨਾਨਕੇ ਗਿਆ ਸੀ ਤਾਂ ਕੋਠੇ ਤੋਂ ਡਿਗ ਕੇ ਬਾਂਹ ਤੁੜਵਾ ਲਈ ਸੀ। ਯਾਦ ਹੈ ਕਿ ਨਾ! ਇੱਕ ਮਹੀਨਾ ਬੈਠਾ ਰਿਹਾ ਸੀ, ਮੰਜੇ 'ਤੇ।" ਸਹਿਜ ਦੇ ਪਾਪਾ ਨੇ ਉਸ ਨੂੰ ਘੂਰਦਿਆਂ ਕਿਹਾ। "ਨਹੀਂ, ਪਾਪਾ, ਪਲੀਜ਼.....! ਇਸ ਵਾਰ ਸ਼ਰਾਰਤਾਂ ਨਹੀਂ ਕਰਾਂਗਾ।" ਸਹਿਜ ਨੇ ਆਪਣੀ ਮੰਮੀ ਵੱਲ ਵੇਖਦਿਆਂ ਕਿਹਾ।

ਸਿਮਰਨ ਪਾਪਾ ਦੀਆਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ਼ ਸੁਣ ਰਹੀ ਸੀ। ਉਹ ਹੈ ਵੀ ਬੜੀ ਸਿਆਣੀ ਸੀ, ਸਹਿਜ ਵਾਂਗ ਹਰ ਗੱਲ 'ਤੇ ਜ਼ਿਦ ਨਹੀਂ ਸੀ ਕਰਦੀ।

"ਮੰਮੀ, ਇਸ ਵਾਰ ਆਪਾਂ ਨਾਨੀ ਜੀ ਨੂੰ ਆਪਣੇ ਕੋਲ਼ ਹੀ ਲੈ ਆਉਂਦੇ ਹਾਂ। ਨਾਲ਼ੇ ਉਹਨਾਂ ਦੀ ਤਬੀਅਤ ਠੀਕ ਨਹੀਂ ਰਹਿੰਦੀ, ਹਸਪਤਾਲ ਵਿੱਚੋਂ ਉਹਨਾਂ ਦੇ ਟੈੱਸਟ ਕਰਵਾ ਦੇਵਾਂਗੇ," ਸਿਮਰਨ ਨੇ ਆਪਣੀ ਮੰਮੀ ਨਾਲ਼ ਰਸੋਈ ਦੇ ਕੰਮ ਵਿੱਚ ਹੱਥ ਵਟਾਉਂਦਿਆਂ ਕਿਹਾ।

"ਠੀਕ ਹੈ, ਆਪਾਂ ਤੇਰੇ ਪਾਪਾ ਨਾਲ਼ ਗੱਲ ਕਰਾਂਗੇ," ਸਿਮਰਨ ਦੀ ਮੰਮੀ ਨੇ ਕਿਹਾ। ਰਾਤੀਂ ਖਾਣੇ ਦੇ ਮੇਜ਼ ਦੁਆਲ਼ੇ ਬੈਠਦਿਆਂ ਸਹਿਜ ਦੇ ਪਾਪਾ ਨੇ ਕਿਹਾ, "ਸਿੰਮੀ! ਕੀ ਗੱਲ, ਅੱਜ ਸਹਿਜ ਦਾ ਮੂਡ ਠੀਕ ਨਹੀਂ ਲੱਗਦਾ।"

"ਹਾਂ ਪਾਪਾ, ਅੱਜ ਇਹਨੇ ਦੁਪਹਿਰੇ ਵੀ ਖਾਣਾ ਨਹੀਂ ਖਾਧਾ। ਬੱਸ, ਨਾਨਕੇ ਜਾਣ ਦੀ ਜ਼ਿਦ ਫੜੀ ਹੋਈ ਹੈ," ਸਿਮਰਨ ਨੇ ਪਾਪਾ ਨੂੰ ਖਾਣਾ ਪਰੋਸਦਿਆਂ ਕਿਹਾ। "ਹਾਂ ਸੱਚ, ਪਾਪਾ! ਮੈਂ ਅਤੇ ਮੰਮੀ ਨੇ ਇਹ ਸਲਾਹ ਕੀਤੀ ਹੈ ਕਿ ਇਸ ਵਾਰ ਅਸੀਂ ਨਾਨੀ ਜੀ ਨੂੰ ਆਪਣੇ ਕੋਲ਼ ਹੀ ਲੈ ਆਉਂਦੇ ਹਾਂ, ਨਾਲ਼ੇ ਉਹਨਾਂ ਨੂੰ ਦਵਾਈ ਵੀ ਦਿਵਾ ਦਿਆਂਗੇ।"

"ਠੀਕ ਹੈ ਪੁੱਤਰ, ਤੁਸੀਂ ਕੱਲ੍ਹ ਹੀ ਚਲੇ ਜਾਓ, ਨਾਲ਼ੇ ਸਹਿਜ ਦੀ ਜ਼ਿਦ ਵੀ ਪੂਰੀ ਹੋ ਜਾਵੇਗੀ।"

ਨਾਨਕੇ ਜਾਣ ਦੀ ਗੱਲ ਸੁਣਦੇ ਸਾਰ ਹੀ ਸਹਿਜ ਨੂੰ ਚਾਅ ਚੜ੍ਹ ਗਿਆ। ਅਗਲੀ ਸਵੇਰ ਸਹਿਜ ਅਤੇ ਸਿਮਰਨ ਆਪਣੇ ਮੰਮੀ ਨਾਲ਼ ਨਾਨਕੇ ਘਰ ਪਹੁੰਚ ਗਏ। ਸਹਿਜ ਅਤੇ ਸਿਮਰਨ ਨੂੰ ਆਏ ਵੇਖ ਕੇ ਉਸ ਦੀ ਨਾਨੀ ਬਹੁਤ ਖ਼ੁਸ਼ ਹੋਈ। ਉਸ ਨੇ ਬੱਚਿਆਂ ਦਾ ਸਿਰ ਪਲ਼ੋਸਦਿਆਂ ਗੋਦੀ ਵਿੱਚ ਬਿਠਾ ਲਿਆ।

"ਨਾਨੀ! ਬਿੱਲੂ ਤੇ ਰੋਜ਼ੀ ਕਿੱਥੇ ਨੇ?" ਸਹਿਜ ਨੇ ਕਮਰਿਆਂ 'ਚ ਘੁੰਮ ਕੇ ਦੇਖਣ ਤੋਂ ਬਾਅਦ ਨਾਨੀ ਕੋਲ਼ੋਂ ਪੁੱਛਿਆ।

"ਪੁੱਤਰ, ਉਹ ਵੀ ਕੱਲ੍ਹ ਦੇ ਆਪਣੇ ਨਾਨਕੇ ਗਏ ਹੋਏ ਨੇ। ਤੁਸੀਂ ਬੈਠੋ, ਮੈਂ ਹੁਣੇ ਚਾਹ ਬਣਾ ਕੇ ਲਿਆਉਂਦੀ ਹਾਂ," ਨਾਨੀ ਨੇ ਕਿਹਾ।

ਸਹਿਜ ਦੇ ਮੰਮੀ ਵੀ ਉਸ ਦੀ ਨਾਨੀ ਨਾਲ਼ ਹੀ ਰਸੋਈ ਵਿੱਚ ਚਲੇ ਗਏ।

ਸਹਿਜ ਰਿਮੋਟ ਫੜ ਕੇ ਟੈਲੀਵੀਜ਼ਨ ਮੂਹਰੇ ਬੈਠ ਗਿਆ। ਟੈਲੀਵੀਜ਼ਨ ਚੱਲਦਾ ਨਾ ਵੇਖ ਕੇ ਉਸ ਨੇ ਅਵਾਜ਼ ਮਾਰਦਿਆਂ ਕਿਹਾ, "ਨਾਨੀ ਜੀ! ਆਹ ਟੈਲੀਵੀਜ਼ਨ ਕਿਉਂ ਨਹੀਂ ਚੱਲਦਾ?"

"ਪੁੱਤ, ਰਾਤ ਦੀ ਬਿਜਲੀ ਹੀ ਨਹੀਂ ਆਈ। ਤੂੰ ਚਿੰਤਾ ਨਾ ਕਰ, ਆ ਜਾਂਦੀ ਐ, ਹੁਣੇ, ਤੇਰਾ ਮਾਮਾ ਕਹਿੰਦਾ ਸੀ ਕਿ ਠੀਕ ਕਰ ਰਹੇ ਨੇ," ਰਸੋਈ ਵਿੱਚੋਂ ਬੋਲਦਿਆਂ ਸਹਿਜ ਦੀ ਨਾਨੀ ਨੇ ਕਿਹਾ।

ਨਾ ਟੈਲੀਵੀਜ਼ਨ, ਨਾ ਕੰਪਿਊਟਰ ਤੇ ਨਾ ਹੀ ਖੇਡਣ ਲਈ ਬਿੱਲੂ ਤੇ ਰੋਜ਼ੀ। ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਇੱਕ ਦਿਨ ਵਿੱਚ ਹੀ ਮੱਠਾ ਪੈ ਗਿਆ।

ਅਗਲੀ ਸਵੇਰ ਉਹ ਨਾਨੀ ਨੂੰ ਨਾਲ਼ ਲੈ ਕੇ ਆਪਣੇ ਘਰ ਆ ਗਏ।

"ਪਾਪਾ, ਇਹਨੂੰ ਸਮਝਾਓ, ਜਿਹੜਾ ਕੰਮ ਇਹਨੇ ਦੋ ਦਿਨਾਂ ਵਿੱਚ ਹੀ ਖ਼ਤਮ ਕਰ ਲਿਆ ਹੈ, ਹੁਣ ਹਰ ਰੋਜ਼ ਥੋੜ੍ਹੀ-ਥੋੜ੍ਹੀ ਦੁਹਰਾਈ ਕਰੇ," ਸਿਮਰਨ ਨੇ ਸਕੂਲ-ਬੈਗ ਚੁੱਕ ਕੇ ਨਾਨੀ ਕੋਲ਼ ਬੈਠਦਿਆਂ ਕਿਹਾ।

"ਹਾਂ ਬਈ, ਸਹਿਜ! ਜਿਸ ਤਰ੍ਹਾਂ ਦੀਦੀ ਕਹਿੰਦੀ ਐ, ਉਸੇ ਤਰ੍ਹਾਂ ਕਰ।" ਸਹਿਜ ਦੇ ਪਾਪਾ ਨੇ ਥੋੜ੍ਹਾ ਸਖ਼ਤ ਹੁੰਦਿਆਂ ਕਿਹਾ।

"ਠੀਕ ਹੈ, ਪਾਪਾ।" ਸਹਿਜ ਬੋਲਿਆ।

ਹੁਣ ਸਿਮਰਨ ਸਕੂਲ ਦਾ ਕੰਮ ਕਰਦੀ ਅਤੇ ਸਹਿਜ ਕੋਲ਼ ਬੈਠ ਕੇ ਕੀਤੇ ਹੋਏ ਕੰਮ ਦੀ ਦੁਹਰਾਈ ਕਰਦਾ। ਰਾਤੀਂ ਦੋਵੇਂ ਭੈਣ-ਭਰਾ ਕਹਾਣੀ ਸੁਣਨ ਲਈ ਨਾਨੀ ਦੇ ਦੁਆਲ਼ੇ ਹੋ ਜਾਂਦੇ ਅਤੇ ਦੇਰ ਰਾਤ ਤੱਕ ਕਹਾਣੀਆਂ ਸੁਣਦੇ ਰਹਿੰਦੇ। ਕਦੇ-ਕਦੇ ਸਿਮਰਨ ਸਹਿਜ ਨੂੰ ਚਿੜਾਉਣ ਖ਼ਾਤਰ ਆਖਦੀ "ਹਾਂ, ਵੀਰੇ! ਹੁਣ ਦੱਸ, ਜਾਣਾ ਨਾਨਕੇ?" ਸਹਿਜ ਹੱਸ ਕੇ ਬੋਲਦਾ, "ਜਿੱਥੇ ਨਾਨੀ– ਉੱਥੇ ਹੀ ਨਾਨਕੇ।"

## ਪਾਠ- ਅਭਿਆਸ

### 1. ਛੋਟੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਸਹਿਜ ਕਿੱਥੇ ਜਾਣ ਲਈ ਕਾਹਲ਼ਾ ਸੀ?

(ਅ) ਸਿਮਰਨ ਸਹਿਜ ਨੂੰ ਕੀ ਸਮਝਾਉਂਦੀ ਸੀ?

(ੲ) ਛੁੱਟੀਆਂ ਦਾ ਕੰਮ ਸਹਿਜੇ-ਸਹਿਜੇ ਕਿਉਂ ਨਿਬੇੜਨਾ ਚਾਹੀਦਾ ਹੈ?

(ਸ) ਪਿੰਡ ਵਿੱਚ ਟੈਲੀਵੀਜ਼ਨ ਕਿਉਂ ਨਹੀਂ ਸੀ ਚੱਲ ਰਿਹਾ?

(ਹ) ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਕਿਉਂ ਮੱਠਾ ਪੈ ਗਿਆ ਸੀ?

## 2. ਖ਼ਾਲੀ ਥਾਂਵਾਂ ਭਰੋ :

1. ਸਕੂਲ ਵਿੱਚ ________ਮਹੀਨੇ ਛੁੱਟੀਆਂ ਹੋ ਗਈਆਂ ਸਨ। (ਮਈ, ਜੂਨ)
2. ਸਹਿਜ ਸਿਮਰਨ ਦੀ ਗੱਲ ਨੂੰ ________ ਕਰਦਾ। (ਧਿਆਨ ਨਾਲ਼, ਅਣਗੌਲਿਆਂ)
3. ਸਿਮਰਨ ਹਰ ਰੋਜ਼________ਲਾ ਕੇ ਕੰਮ ਕਰਦੀ। (ਘੰਟਾ-ਘੰਟਾ, ਅੱਧਾ-ਅੱਧਾ ਘੰਟਾ)
4. ਸਹਿਜ ਨੇ ਨਾਨਕੇ ਪਿੰਡ ਜਾ ਕੇ________ਤੁੜਵਾ ਲਈ ਸੀ। (ਬਾਂਹ, ਲੱਤ)
5. ਸਹਿਜ ਨੇ _______ ਘਰ ਜਾਣ ਦੀ ਜ਼ਿਦ ਫੜੀ ਹੋਈ ਸੀ। (ਨਾਨਕੇ, ਦਾਦਕੇ)

## 3. ਪ੍ਰਸ਼ਨਾਂ ਦੇ ਉੱਤਰ ਵਿਸਤਾਰ ਸਹਿਤ ਦਿਓ :

(1) ਸਿਮਰਨ ਸਹਿਜ ਨੂੰ ਕਿਉਂ ਟੋਕਦੀ ਸੀ?

(2) ਪੜ੍ਹਾਈ ਵਿੱਚ ਲਗਾਤਾਰ ਰੁਚੀ ਬਣਾਈ ਰੱਖਣ ਲਈ ਛੁੱਟੀਆਂ ਦਾ ਕੰਮ ਕਿਵੇਂ ਮੁਕਾਉਣਾ ਚਾਹੀਦਾ ਹੈ?

(3) ਪਿੰਡ ਵਿੱਚ ਸਹਿਜ ਨੂੰ ਕੀ ਘਾਟ ਮਹਿਸੂਸ ਹੋਈ?

(4) ਸਿਮਰਨ ਤੇ ਸਹਿਜ ਨੇ ਆਖ਼ਰ ਵਿੱਚ ਕਿਸ ਤਰ੍ਹਾਂ ਆਪਸੀ ਸਹਿਯੋਗ ਕੀਤਾ?

(5) 'ਜਿੱਥੇ ਨਾਨੀ–ਉੱਥੇ ਹੀ ਨਾਨਕੇ' ਲੇਖਕ ਦਾ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ?

## 4. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਜਲਦੀ

ਥੋੜ੍ਹਾ-ਥੋੜ੍ਹਾ

ਵਿਹਲੇ

ਸਿਆਣੀ

ਸਖ਼ਤ

## 5. ਵਾਕਾਂ ਵਿੱਚ ਵਰਤੋ :

ਨਿਬੇੜ

ਪਲ਼ੋਸਦਿਆਂ

ਰੁਚੀ

ਚਿੜਾਉਣ

ਦੁਆਲ਼ੇ

6. **ਖ਼ਾਲੀ ਥਾਂਵਾਂ ਭਰੋ :**

ਟੋਕਦੀ, ਗਰਮੀ, ਮਤਲਬ, ਕਿੱਲੀ, ਜ਼ਿਦ

1. ਸਹਿਜ ਦੀ ________ ਪੂਰੀ ਹੋ ਗਈ।
2. ਸਿਮਰਨ ਸਹਿਜ ਨੂੰ ________ ਰਹਿੰਦੀ।
3. ਛੁੱਟੀਆਂ ਦਾ ਕੁਝ ਨਾ ਕੁਝ ________ ਹੁੰਦਾ ਹੈ।
4. ਜੂਨ ਵਿੱਚ ________ ਹੁੰਦੀ ਹੈ।
5. ਸਹਿਜ ਨੇ ਸਕੂਲ ਦਾ ਬੈਗ ________ 'ਤੇ ਟੰਗ ਦਿੱਤਾ ਸੀ।

7. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| ਪੰਜਾਬੀ | | ਹਿੰਦੀ | ਅੰਗਰੇਜ਼ੀ |
|---|---|---|---|
| 1. | ਰੋਜ਼ | रोज़ | Daily |
| 2. | ਦਵਾਈ | ________ | ________ |
| 3. | ਚਾਅ | ________ | ________ |
| 4. | ਸਮਾਂ-ਸਾਰਨੀ | ________ | ________ |
| 5. | ਛੁੱਟੀਆਂ | ________ | ________ |
| 6. | ਰਸੋਈ | ________ | ________ |

ਤੁਸੀਂ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਇਸ ਵਾਰ ਕਿੱਥੇ ਬਤੀਤ ਕੀਤੀਆਂ ਸਨ, ਆਪਣੇ ਸ਼ਬਦਾਂ ਵਿੱਚ ਲਿਖੋ।

* * *